# ਵਿਵਾਦ ਨਿਪਟਾਰਾ - ਸਬੂਤ ਇਕੱਠੇ ਕਰਨਾ

TRAC
TENANT RESOURCE & ADVISORY CENTRE

Unit #150-900 Howe St
Vancouver, BC V6Z 2M4

1-800-665-1185
tenants.bc.ca

## ਸਬੂਤ ਹੋਣਾ ਚਾਹੀਦਾ ਹੈ:

**ਸੰਬੰਧਿਤ**
**ਕੀ ਇਹ ਉਸ ਮੁੱਦੇ ਲਈ ਜ਼ਰੂਰੀ, ਉਚਿਤ, ਜਾਂ ਸੰਬੰਧਿਤ ਹੈ ਜਿਸ 'ਤੇ ਆਰਬਿਟਰੇਟਰ (ਸਾਲਸ) ਫੈਸਲਾ ਲੈ ਰਿਹਾ ਹੈ?**

**ਯੋਜਨਾਬੱਧ**
**ਆਦਰਸ਼ਕ ਤੌਰ 'ਤੇ ਇੱਕ ਦਸਤਾਵੇਜ਼ ਵਿੱਚ ਇਕੱਠੇ ਕੀਤੇ ਜਾਂਦੇ ਹਨ ਜਿਸ ਦੇ ਸਫਿਆਂ ਉੱਪਰ ਨੰਬਰ ਲਾਏ ਹੋਣ ਅਤੇ ਇੰਡੈਕਸ (ਸੂਚੀ) ਹੋਵੇ।**[1]

**ਪੂਰਾ**
**ਕਿਸੇ ਜ਼ਰੂਰੀ ਜਾਣਕਾਰੀ ਨੂੰ ਛੱਡਣ ਤੋਂ ਬਿਨਾਂ, ਘਟਨਾਵਾਂ ਨੂੰ ਸਹੀ ਅਤੇ ਨਿਰਪੱਖਤਾ ਨਾਲ ਦਰਸਾਉਂਦਾ ਹੋਵੇ।**

**ਇਕਸਾਰ**
**ਇਹ ਪੱਕਾ ਕਰੋ ਕਿ ਆਰਬਿਟਰੇਟਰ ਅਤੇ ਮਕਾਨ ਮਾਲਕ ਇੱਕੋ ਜਿਹੇ ਸਬੂਤ ਪ੍ਰਾਪਤ ਕਰਨ।**

## ਤੁਸੀਂ ਸਬੂਤ ਵਜੋਂ ਕੀ ਵਰਤ ਸਕਦੇ ਹੋ:

ਸਾਰੇ ਜ਼ਰੂਰੀ ਨਹੀਂ ਹਨ।

- ਸੁਣਵਾਈ ਦੌਰਾਨ **ਸਿੱਧੀ ਗਵਾਹੀ।**
- ਕਿਰਾਏਦਾਰੀ ਨਾਲ ਸੰਬੰਧਿਤ **ਦਸਤਾਵੇਜ਼** ਜਿਵੇਂ ਕਿ ਕਿਰਾਏਦਾਰੀ ਇਕਰਾਰਨਾਮੇ, ਆਰ ਟੀ ਬੀ ਫਾਰਮ, ਜਾਂ ਹੋਰ ਰਸਮੀ ਨੋਟਿਸ।
- **ਤੁਹਾਡੇ ਮਕਾਨ ਮਾਲਕ ਨਾਲ ਗੱਲਬਾਤ** ਦੇ ਰਿਕਾਰਡ, ਜਿਸ ਵਿੱਚ ਟੈਕਸਟ, ਈਮੇਲ, ਆਹਮੋ-ਸਾਹਮਣੇ ਜਾਂ ਫ਼ੋਨ ਰਾਹੀਂ ਗੱਲਬਾਤ ਦੇ ਨੋਟ, ਆਦਿ ਸ਼ਾਮਲ ਹਨ।
- **ਡਿਜੀਟਲ ਸਬੂਤ** ਜਿਵੇਂ ਕਿ ਫੋਟੋਆਂ, ਵੀਡੀਓ, ਆਡੀਓ ਰਿਕਾਰਡਿੰਗ, ਆਦਿ।
- ਆਰ ਟੀ ਬੀ-37 "ਮੌਨੇਟਰੀ ਆਰਡਰ ਵਰਕਸ਼ੀਟ" ਦੇ ਨਾਲ ਜਮ੍ਹਾਂ ਕਰਵਾਈਆਂ ਗਈਆਂ ਵਿੱਤੀ ਮੁਆਵਜ਼ੇ ਦੇ ਦਾਅਵਿਆਂ (ਕਲੇਮਜ਼) ਲਈ **ਰਸੀਦਾਂ ਅਤੇ ਐਸਟੀਮੇਟ।**
- **ਕੇਸ ਕਾਨੂੰਨ ਅਤੇ ਪਹਿਲਾਂ ਹੋਏ ਫੈਸਲੇ** ਜਿਵੇਂ ਕਿ ਰਿਹਾਇਸ਼ੀ ਕਿਰਾਏਦਾਰੀ ਸ਼ਾਖਾ (ਰੈਜ਼ੀਡੈਂਸ਼ੀਅਲ ਟੈਨੈਂਸੀ ਬਰਾਂਚ-ਆਰ ਟੀ ਬੀ), ਸੁਪਰੀਮ ਕੋਰਟ ਆਫ਼ ਬੀ ਸੀ, ਅਤੇ ਬੀ ਸੀ ਕੋਰਟ ਆਫ਼ ਅਪੀਲ ਦੇ ਫੈਸਲੇ।[2]

**ਸਬੂਤ ਦੇਣ ਦਾ ਫਰਜ਼** ਆਮ ਤੌਰ 'ਤੇ ਉਸ ਬਿਨੈਕਾਰ 'ਤੇ ਹੁੰਦਾ ਹੈ ਜਿਹੜਾ ਦਾਅਵਾ (ਕਲੇਮ) ਕਰ ਰਿਹਾ ਹੋਵੇ। ਫਿਰ ਵੀ, ਜਦੋਂ ਕੋਈ ਕਿਰਾਏਦਾਰ ਬੇਦਖਲੀ ਨੋਟਿਸ ਨੂੰ ਚੁਨੌਤੀ ਦਿੰਦਾ ਹੈ, ਤਾਂ ਸਬੂਤ ਦੇਣ ਦਾ ਫਰਜ਼ ਮਕਾਨ ਮਾਲਕ 'ਤੇ ਹੁੰਦਾ ਹੈ।

**ਡਿਜੀਟਲ ਸਬੂਤ ਜਮ੍ਹਾਂ ਕਰਦੇ ਸਮੇਂ, ਇਹ ਯਾਦ ਰੱਖੋ:**

- [ ] ਪੱਕਾ ਕਰੋ ਕਿ ਤੁਹਾਡਾ ਮਕਾਨ ਮਾਲਕ ਸਬੂਤਾਂ ਤੱਕ ਪਹੁੰਚ ਕਰ ਸਕਦਾ ਹੋਵੇ।
- [ ] ਆਰ ਟੀ ਬੀ ਫਾਰਮ 43 "ਡਿਜੀਟਲ ਸਬੂਤ ਵੇਰਵੇ" ਜਮ੍ਹਾਂ ਕਰੋ।
- [ ] ਯੂ ਐੱਸ ਬੀ, ਸੀ ਡੀ ਆਦਿ ਦੀ ਵਰਤੋਂ ਕਰਕੇ ਸਬੂਤ ਸਾਂਝੇ ਕਰੋ, ਅਤੇ ਯਕੀਨੀ ਬਣਾਓ ਕਿ ਫਾਈਲ ਬਹੁਤ ਵੱਡੀ ਨਾ ਹੋਵੇ।[3]

→

## ਬੋਲ ਕੇ ਦਿੱਤੀ ਅਤੇ ਲਿਖਤੀ ਗਵਾਹੀ

ਤੁਸੀਂ ਜਾਂ ਕੋਈ ਗਵਾਹ ਸੁਣਵਾਈ ਦੌਰਾਨ ਆਪਣੇ ਦਸਤਾਵੇਜ਼ੀ ਸਬੂਤਾਂ ਤੋਂ ਇਲਾਵਾ, ਬੋਲ ਕੇ ਸਿੱਧੀ ਗਵਾਹੀ ਦੇ ਸਕਦੇ ਹੋ। ਇਸ ਨੂੰ ਆਮ ਤੌਰ 'ਤੇ ਮਜ਼ਬੂਤ ਸਬੂਤ ਮੰਨਿਆ ਜਾਂਦਾ ਹੈ।

ਜੇਕਰ ਤੁਹਾਡਾ ਗਵਾਹ ਤੁਹਾਡੀ ਸੁਣਵਾਈ ਵਿੱਚ ਸ਼ਾਮਲ ਹੋਣ ਵਿੱਚ ਅਸਮਰਥ ਹੈ, ਤਾਂ ਤੁਸੀਂ ਉਨ੍ਹਾਂ ਨੂੰ ਪਹਿਲਾਂ ਹੀ ਆਪਣੀ ਗਵਾਹੀ ਦੇਣ ਅਤੇ ਇਸ ਨੂੰ ਸਬੂਤ ਵਜੋਂ ਜਮ੍ਹਾਂ ਕਰਾਉਣ ਲਈ ਕਹਿ ਸਕਦੇ ਹੋ। ਇਹ ਸਹੁੰ ਚੁੱਕ ਹਲਫ਼ਨਾਮੇ ਜਾਂ ਗਵਾਹ ਦੀ ਸੰਪਰਕ ਜਾਣਕਾਰੀ ਵਾਲੇ ਦਸਤਖਤ ਕੀਤੇ ਬਿਆਨ ਰਾਹੀਂ ਹੋ ਸਕਦਾ ਹੈ।

## ਮੌਨੇਟਰੀ ਆਰਡਰ ਵਰਕਸ਼ੀਟ

ਜੇਕਰ ਤੁਸੀਂ ਮੌਨੇਟਰੀ ਆਰਡਰ (ਵਿੱਤੀ ਹੁਕਮ) ਲਈ ਅਰਜ਼ੀ ਦੇ ਰਹੇ ਹੋ, ਤਾਂ ਤੁਹਾਡੇ ਕੋਲ ਇਹ ਸਾਬਤ ਕਰਨ ਲਈ ਕਾਫ਼ੀ ਸਬੂਤ ਹੋਣੇ ਚਾਹੀਦੇ ਹਨ:

- ☐ ਤੁਹਾਡੇ ਮਕਾਨ ਮਾਲਕ ਨੇ ਕਾਨੂੰਨ ਜਾਂ ਕਿਰਾਏਦਾਰੀ ਇਕਰਾਰਨਾਮੇ ਦੀ ਪਾਲਣਾ ਨਹੀਂ ਕੀਤੀ,
- ☐ ਨਤੀਜੇ ਵਜੋਂ ਤੁਹਾਨੂੰ ਨੁਕਸਾਨ ਹੋਇਆ,
- ☐ ਨੁਕਸਾਨ ਦੀ ਕੀਮਤ ਜਾਂ ਮੁੱਲ, ਅਤੇ
- ☐ ਤੁਸੀਂ ਆਪਣੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਲਈ ਵਾਜਬ ਕਾਰਵਾਈ ਕੀਤੀ।[4]

ਸਾਰੇ ਵਿੱਤੀ ਦਾਅਵਿਆਂ ਲਈ, ਤੁਹਾਨੂੰ ਫਾਰਮ ਆਰ ਟੀ ਬੀ-37 "ਮੌਨੇਟਰੀ ਆਰਡਰ ਵਰਕਸ਼ੀਟ" ਨੂੰ ਵੀ ਭਰਨਾ ਅਤੇ ਜਮ੍ਹਾ ਕਰਨਾ ਪਵੇਗਾ।



## ਮੁੱਖ ਕਨੂੰਨੀ ਸਿਧਾਂਤ

ਇਹਨਾਂ ਸਿਧਾਂਤਾਂ ਦੀ ਵਰਤੋਂ ਸਾਲਸਾਂ ( ਆਰਬਿਟਰੇਟਰਜ਼) ਦੁਆਰਾ ਸਬੂਤਾਂ ਦਾ ਨਿਰਣਾ ਕਰਨ ਲਈ ਕੀਤੀ ਜਾਂਦੀ ਹੈ ਅਤੇ ਇਹ ਤੁਹਾਡੇ ਆਰ ਟੀ ਬੀ ਵਿਵਾਦ ਦੇ ਨਤੀਜੇ ਨੂੰ ਪ੍ਰਭਾਵਿਤ ਕਰ ਸਕਦੇ ਹਨ।

**ਐਕਸਪ੍ਰੈੱਸ ਵੇਵਰ:** ਕਿਰਾਏਦਾਰ ਅਤੇ ਮਕਾਨ ਮਾਲਕ ਇੱਕ ਖਾਸ ਅਧਿਕਾਰ ਛੱਡਣ ਲਈ ਸਹਿਮਤ ਹੁੰਦੇ ਹਨ।

ਉਦਾਹਰਨ ਵਜੋਂ, ਉਹ ਦੋਵੇਂ ਬੇਦਖਲੀ ਨੋਟਿਸ ਨੂੰ ਰੱਦ ਕਰਨ ਲਈ ਲਿਖਤੀ ਰੂਪ ਵਿੱਚ ਸਹਿਮਤ ਹੁੰਦੇ ਹਨ।

**ਇਮਪਲਾਈਡ ਵੇਵਰ:** ਕਿਰਾਏਦਾਰ ਜਾਂ ਮਕਾਨ ਮਾਲਕ ਆਪਣੀਆਂ ਕਾਰਵਾਈਆਂ ਰਾਹੀਂ ਆਪਣਾ ਹੱਕ ਛੱਡ ਦਿੰਦੇ ਹਨ।

ਉਦਾਹਰਨ ਲਈ, ਜੇਕਰ ਕੋਈ ਮਕਾਨ ਮਾਲਕ ਬੇਦਖਲੀ ਨੋਟਿਸ ਦੇਣ ਤੋਂ ਬਾਅਦ ਵੀ ਕਿਰਾਇਆ ਸਵੀਕਾਰ ਕਰਦਾ ਰਹਿੰਦਾ ਹੈ, ਤਾਂ ਇਹ ਸੰਕੇਤ ਦੇ ਸਕਦਾ ਹੈ ਕਿ ਉਹ ਕਿਰਾਏਦਾਰ ਨੂੰ ਰਹਿਣ ਦੀ ਇਜਾਜ਼ਤ ਦੇ ਰਹੇ ਹਨ।

**ਐਸਟੋਪਲ:** ਕੋਈ ਵਿਅਕਤੀ ਉਸ ਗੱਲ ਤੋਂ ਪਿੱਛੇ ਨਹੀਂ ਹਟ ਸਕਦਾ ਜਿਸ 'ਤੇ ਉਹ ਸਹਿਮਤ ਹੋਇਆ ਹੋਵੇ, ਭਾਵੇਂ ਉਹ ਜ਼ੁਬਾਨੀ ਸਹਿਮਤ ਹੋਇਆ ਹੋਵੇ ਜਾਂ ਆਪਣੇ ਕੰਮਾਂ ਰਾਹੀਂ, ਜੇਕਰ ਕੋਈ ਹੋਰ ਵਿਅਕਤੀ ਉਸ ਵਾਅਦੇ 'ਤੇ ਨਿਰਭਰ ਕਰਦਾ ਹੋਵੇ।

ਉਦਾਹਰਨ ਲਈ, ਜੇਕਰ ਕੋਈ ਮਕਾਨ ਮਾਲਕ ਕਿਸੇ ਆਰਬਿਟਰੇਟਰ ਦੁਆਰਾ ਉਨ੍ਹਾਂ ਦੇ ਬੇਦਖਲੀ ਨੋਟਿਸ ਨੂੰ ਬਰਕਰਾਰ ਰੱਖਣ ਤੋਂ ਬਾਅਦ ਵੀ ਕਿਰਾਇਆ ਸਵੀਕਾਰ ਕਰਨਾ ਜਾਰੀ ਰੱਖਦਾ ਹੈ, ਤਾਂ ਇਹ ਸੰਕੇਤ ਦੇ ਸਕਦਾ ਹੈ ਕਿ ਉਹ ਕਿਰਾਏਦਾਰੀ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇ ਰਹੇ ਹਨ।

TRAC ਨੂੰ ਇਹਨਾਂ ਤੋਂ ਲਗਾਤਾਰ ਸਹਾਇਤਾ ਮਿਲਦੀ ਹੈ:

Punjabi

Department of Justice Canada | Ministère de la Justice Canada

ਇਹ ਆਮ ਜਾਣਕਾਰੀ ਹੈ ਜਿਹੜੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਤੇ ਲਾਗੂ ਹੁੰਦੀ ਹੈ। TRAC ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦਾ ਕਿ ਇਹ ਵਰਤਮਾਨ ਦੀ ਹੈ ਜਾਂ ਪੂਰੀ ਹੈ। ਇਹ ਤੱਥ ਸ਼ੀਟ ਖਾਸ ਕਾਨੂੰਨੀ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਵਜੋਂ ਨਹੀਂ ਹੈ। ਆਪਣੇ ਜੋਖਮ 'ਤੇ ਵਰਤੋ ਅਤੇ ਜੇਕਰ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਸੇ ਵਕੀਲ ਨਾਲ ਸਲਾਹ ਕਰੋ। V1 July, 2025.

**ਹੋਰ ਜਾਣਕਾਰੀ ਲਈ**

1 TRAC ਦੇ ਵੈੱਬਪੇਜ਼, "ਪ੍ਰੀਪੇਅਰਿੰਗ ਫਾਰ ਏ ਹੀਅਰਿੰਗ" (ਸੁਣਵਾਈ ਦੀ ਤਿਆਰੀ) 'ਤੇ "ਇੰਡੈੱਕਸ ਆਫ ਐਵੀਡੈਂਸ ਟੈਂਪਲੇਟ" (ਸਬੂਤ ਟੈਂਪਲੇਟ ਦੀ ਸੂਚੀ ਵੇਖੋ।

2 ਆਮ ਤੌਰ 'ਤੇ, ਪਿਛਲੇ ਫੈਸਲੇ ਦੇ ਤੱਥ ਤੁਹਾਡੇ ਕੇਸ ਨਾਲ ਜਿੰਨੇ ਜ਼ਿਆਦਾ ਮਿਲਦੇ-ਜੁਲਦੇ ਹੋਣਗੇ, ਓਨੇ ਹੀ ਜ਼ਿਆਦਾ ਉਪਯੋਗੀ ਹੋਣਗੇ।

3 ਆਰ ਟੀ ਬੀ ਰੂਲਜ਼ ਆਫ ਪ੍ਰੋਸੀਜ਼ਰ (ਆਰ ਟੀ ਬੀ ਦੀ ਕਾਰਵਾਈ ਦੇ ਨਿਯਮਾਂ) ਵਿੱਚ ਨਿਯਮ 3.10.4 ਵੇਖੋ।

4 ਨੁਕਸਾਨ ਲਈ ਮੁਆਵਜ਼ੇ ਬਾਰੇ ਵਧੇਰੇ ਜਾਣਕਾਰੀ ਲਈ ਆਰ ਟੀ ਬੀ ਪਾਲਿਸੀ ਗਾਈਡਲਾਈਨ 16 ਵੇਖੋ।